OFFICE OF THE

# MUNICIPAL COUNCIL, ZIRAKPUR

(Distt. S.A.S. Nagar)

## ਦਫਤਰ ਨਗਰ ਕੌਂਸਲ, ਜੀਰਕਪੁਰ (ਜਿਲ੍ਹਾ ਐਸ਼ ਏ.ਐਸ਼ ਨਗਰ)

ਨੰਬਰ 3756 ਮਿਤੀ: 18-02-2020

ਵੱਲ,

ਮੈਸ: ਇੰਡੀਅਨ ਰੇਲਵੇ ਵੈਲਫੇਅਰ ਔਰਗਨਾਇਜੇਸ਼ਨ (IRWO)
ਪ੍ਰੋਜੈਕਟ ਨੇਮ :- ਰੇਲ ਵਿਹਾਰ,
ਵੀ.ਆਈ.ਪੀ. ਰੋਡ, ਜੀਰਕਪੁਰ।

ਵਿਸ਼ਾ - ਰੇਲ ਵਿਹਾਰ,ਵੀ.ਆਈ.ਪੀ. ਰੋਡ ਦੇ ਰਿਹਾਇਸ਼ੀ ਗਰੁੱਪ ਹਾਉਸਿੰਗ ਪ੍ਰੋਜੈਕਟ ਲਈ ਕੰਪਲੀਸ਼ਨ/ਆਕੂਪੇਸ਼ਨ ਸਰਟੀਫਿਕੇਟ ਜਾਰੀ ਕਰਨ ਸਬੰਧੀ।

ਉਪਰੋਕਤ ਵਿਸ਼ੇ ਦੇ ਸੰਬਧ ਵਿੱਚ ਆਪ ਵੱਲੋ ਬਿੰਲਡਿੰਗ ਕੰਪਲੀਟ ਹੋਣ ਉਪਰਾਂਤ ਇਸ ਦਫਤਰ ਵਿਖੇ ਆਪ ਵੱਲੋ ਦਿੱਤੀ ਗਈ ਪ੍ਰਤੀ ਬੇਨਤੀ ਨੂੰ ਮੰਨਦੇ ਹੋਏ, ਆਪ ਦੇ ਰਿਹਾਇਸ਼ੀ ਗਰੁੱਪ ਹਾਉਸਿੰਗ ਪ੍ਰੋਜੈਕਟ ਦੇ 443 ਫਲੈਟਾਂ ਨੂੰ ਕੰਮਪਲੀਸ਼ਨ/ਆਕੂਪੇਸ਼ਨ ਸਰਟੀਫਿਕੇਟ ਨਿਮਨਲਿਖਤ ਸ਼ਰਤਾਂ ਤੇ ਜਾਰੀ ਕੀਤਾ ਜਾਂਦਾ ਹੈ :-

1. ਕਿ ਕੰਪਨੀ ਫਾਇਰ ਸੇਫਟੀ ਅਤੇ ਵਾਤਾਵਰਣ ਕਲੀਰੈਂਸ ਦੇ ਪ੍ਰਬੰਧਾਂ ਨੂੰ ਭਵਿੱਖ ਵਿੱਚ ਚਾਲੂ ਰੱਖਣ ਅਤੇ ਮੈਨਟੇਨ ਕਰਨ ਦੇ ਪਾਬੰਦ ਹੋਵੇਗੀ, ਅਤੇ ਫਾਇਰ ਸੇਫਟੀ ਸਰਟੀਫਿਕੇਟ ਹਰ ਸਾਲ ਰਨਿਊ ਕਰਵਾ ਕੇ ਦੇਣਾ ਆਪ ਦੀ ਨਿੱਜੀ ਜਿੰਮੇਵਾਰੀ ਹੋਵੇਗੀ।
2. ਸਰਕਾਰ ਦੀਆਂ ਹਦਾਇਤਾਂ ਅਨੁਸਾਰ ਜਿਸ ਵੀ ਵਿਭਾਗ ਦੀ ਐਨ.ਓ.ਸੀ. ਲੋੜੀਦਾਂ ਹੈ ਉਸ ਨੂੰ ਲੈਣ ਦੇ ਪਾਬੰਦ ਹੋਵੋਗੇ ਅਤੇ ਸਰਕਾਰ ਵੱਲੋਂ ਸਮੇਂ-ਸਮੇਂ ਸਿਰ ਜਾਰੀ ਹਦਾਇਤਾਂ ਦੀ ਪਾਲਣਾ ਕਰਨੀ ਜਰੂਰੀ ਹੋਵੇਗੀ।
3. ਇਸ ਬਿਲਡਿੰਗ ਵਿੱਚ ਕਿਸੇ ਵੀ ਤਰ੍ਹਾਂ ਦੀ ਅਡੀਸਨ ਅਲਟਰੈਸ਼ਨ ਦੀ ਪੂਰਵ ਪ੍ਰਵਾਨਗੀ ਲੈਣ ਦੇ ਪਾਬੰਦ ਹੋਵੋਗੇ।
4. The Person with disability equal opportunities protection of right & full participation Act, 1955 ਅਤੇ ਰੈਨ ਹਾਰਵੈਸਟਿੰਗ ਸਿਸਟਮ ਅਤੇ ਐਸ.ਟੀ.ਪੀ. ਦਾ ਪ੍ਰਬੰਧ ਹਮੇਸ਼ਾ ਚਾਲੂ ਹਾਲਤ ਵਿੱਚ ਰੱਖਣਾ ਆਪ ਦੀ ਨਿੱਜੀ ਜਿਮੇਂਵਾਰੀ ਹੋਵੇਗੀ।
5. ਸਰਕਾਰ ਦੀਆਂ ਹਦਾਇਤਾਂ ਅਨੁਸਾਰ ਪਾਰਕਿੰਗ ਸਬੰਧੀ ਹਦਾਇਤਾਂ ਅਤੇ ਸਰਕਾਰ ਵੱਲੋਂ ਸਮੇਂ-ਸਮੇਂ ਸਿਰ ਜਾਰੀ ਹਦਾਇਤਾਂ ਅਨੁਸਾਰ ਨਿਯਮਾਂ ਦੀ ਪਾਲਣਾ ਕਰਨੀ ਆਪ ਦੀ ਜਿੰਮੇਵਾਰੀ ਹੋਵੇਗੀ।
6. ਗਰੁਪ ਹਾਉਸਿੰਗ ਪ੍ਰੋਜੈਕਟ ਨੂੰ ਹੈਂਡਉਵਰ ਕਰਨ ਤੋਂ ਪਹਿਲਾਂ ਪ੍ਰੋਜੈਕਟ ਸਬੰਧੀ ਮੈਨਟੀਨੈਂਸ ਅਤੇ ਲਿਫਟਾਂ, ਟਿਊਬਵੈਲ, ਐਸ.ਟੀ.ਪੀ., ਫਾਇਰ ਫਾਇਟੀਂਗ ਸੀਸਟਮ ਚਾਲੂ/ਸਹੀ ਹਾਲਤ ਵਿੱਚ ਦੇਣਾ ਆਪ ਦੀ ਨਿਜੀ ਜਿੰਮੇਵਾਰੀ ਹੋਵੇਗੀ।
7. ਕਿਸੇ ਵੀ ਸਮੇ ਜੇਕਰ ਆਪ ਦੇ ਪ੍ਰੋਜੈਕਟ ਸੰਬਧੀ ਕੋਈ ਬਕਾਇਆ ਆਦਿ ਨਿਕਲਦਾ ਹੋਇਆ ਤਾਂ ਆਪ ਉਸ ਨੂੰ ਨਗਰ ਕੌਂਸਲ ਦੇ ਖਾਤੇ ਵਿੱਚ ਜਮ੍ਹਾਂ ਕਰਵਾਉਣ ਦੇ ਪਾਬੰਦ ਹੋਵੋਗੇ।
8. ਆਪ ਆਪਣੇ ਪ੍ਰੋਜੈਕਟ ਲਈ ਰੇਰਾ ਦੀਆਂ ਨਿਯਮਾਂ/ਰੂਲ੍ਹਾਂ/ਹਦਾਇਤਾਂ ਅਤੇ ਬਿਲਡਰ ਲਾਇਸੈਂਸ/ਕਲੋਨੀ ਲਾਇਸੈਂਸ ਦੀਆਂ ਹਦਾਇਤਾਂ ਦੀ ਪਾਲਣਾ ਕਰਨੀ ਆਪ ਦੀ ਨਿਜੀ ਜਿੰਮੇਵਾਰੀ ਹੋਵੇਗੀ।
9. ਸਰਕਾਰ ਦੀ ਈ.ਡਬਲਿਉ.ਐਸ. ਫਲੈਟਾਂ ਦੀ ਡਿਸਪੋਜਲ ਸਬੰਧੀ ਕੰਪਨੀ ਵੱਲੋ ਪਹਿਲਾਂ ਹੀ ਲਿਖ ਕੇ ਦਿੱਤਾ ਗਿਆ ਹੈ ਕਿ ਉਹ ਈ.ਡਬਲਿਉ.ਐਸ. ਫਲੈਟਾਂ ਦੀ ਪਾਲਸੀ ਨੋਟੀਫਿਕੇਸ਼ਨ ਨੰ: DTP(LG)-2016/2361 ਮਿੱਤੀ The 24 October, 2016 ਦੀ ਔਪਸ਼ਨ ਨੰ: 1 ਦੇ ਪੈਰਾ ਨੰ: 2.1 ਦੀ ਇੰਨ-ਬਿੰਨ ਪਾਲਣਾ ਕਰਨ ਦੇ ਪਾਬੰਦ ਹੋਣਗੇ।

ਉਪਰੋਕਤ ਅਨੁਸਾਰ ਪਾਲਣਾ ਨਾ ਕਰਨ ਦੀ ਸੂਰਤ ਵਿੱਚ ਆਪ ਦਾ ਕੰਮਪਲੀਸ਼ਨ/ਆਕੂਪੇਸ਼ਨ ਸਰਟੀਫਿਕੇਟ ਰੱਦ ਕਰ ਦਿੱਤਾ ਜਾਵੇਗਾ।

ਕਾਰਜ ਸਾਧਕ ਅਫਸਰ,
ਨਗਰ ਕੌਂਸਲ ਜੀਰਕਪੁਰ।